BC Centre for Disease Control
Provincial Health Services Authority

Clinical Prevention Services
Provincial STI/HIV Clinic

655 West 12th Avenue
Vancouver, BC V5Z 4R4

Tel 604.707.5600
Fax 604.707.5604

www.bccdc.ca
www.SmartSexResource.com

# ਏਸਾਇਕਲੋਵੀਅਰ ਅਤੇ ਵੈਲਾਸਾਇਕਲੋਵੀਅਰ
# Acyclovir and Valacyclovir

ਏਸਾਇਕਲੋਵੀਅਰ (ਜ਼ੋਵੀਰੈਕਸ – Zovirax®) ਅਤੇ ਵੈਲਾਸਾਇਕਲੋਵੀਅਰ (Valtrex® – ਵੈਲਟ੍ਰੈਕਸ) ਮੂੰਹ ਰਾਹੀਂ ਲਈਆਂ ਜਾਣ ਵਾਲੀਆਂ ਐਂਟੀਵਾਇਰਲ ਦਵਾਈਆਂ ਹਨ ਜਿਨ੍ਹਾਂ ਨੂੰ ਚਿਹਰੇ ਉੱਪਰ ਹੋਈ ਹਰਪੀਜ਼ ("ਛਾਲੇ") ਜਾਂ ਗੁਪਤ ਅੰਗਾਂ ਉੱਪਰ ਹੋਈ ਹਰਪੀਜ਼ ਦੇ ਸਮੇਂ ਅਤੇ ਬੇਅਰਾਮੀ ਨੂੰ ਘਟਾਉਣ ਵਾਸਤੇ ਲਿਆ ਜਾਂਦਾ ਹੈ।

## ਐਲਰਜੀਆਂ (Allergies)

- ਜੇ ਤੁਹਾਨੂੰ ਏਸਾਇਕਲੋਵੀਅਰ (ਜ਼ੋਵੀਰੈਕਸ – Zovirax®), ਫ਼ੈਮਸਿਕਲੋਵੀਅਰ (Famvir® – ਫ਼ੈਮਵੀਅਰ) ਜਾਂ ਵੈਲਾਸਾਇਕਲੋਵੀਅਰ (Valtrex® – ਵੈਲਟਰੈਕਸ) ਜਿਹੀ ਕਿਸੇ **ਵਾਇਰਿਲ–ਵਿਰੋਧੀ** ਦਵਾਈ ਤੋਂ ਕੋਈ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਇਸ ਬਾਰੇ ਦੱਸੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਹੋ ਸਕਦਾ ਹੈ ਕਿ ਗਰਭਕਾਲ ਅਤੇ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੇ ਸਮੇਂ ਦੌਰਾਨ ਏਸਾਇਕਲੋਵੀਅਰ ਅਤੇ ਵੈਲਾਸਾਇਕਲੋਵੀਅਰ ਨੂੰ ਸਾਵਧਾਨੀ ਨਾਲ ਇਸਤੇਮਾਲ ਕੀਤਾ ਜਾ ਸਕੇ। ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ–ਬਾਤ ਕਰੋ।

## ਸਾਵਧਾਨੀ (CAUTION)

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ–ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਨਹੀਂ ਦੱਸਿਆ ਗਿਆ।

- **ਏਸਾਇਕਲੋਵੀਅਰ ਜਾਂ ਵੈਲਾਸਾਇਕਲੋਵੀਅਰ ਲੈਂਦੇ ਹੋਏ ਹੇਠ ਲਿਖੀਆਂ ਦਵਾਈਆਂ ਨਾ ਲਓ:**
  - **ਵੈਰੀਸੈਲਾ ਵੈਕਸੀਨ (Varilrix® – ਵੈਰਿਲਰਿਕਸ, Varivax® – ਵੈਰੀਵੈਕਸ)**
  - **ਹਰਪੀਜ਼ ਜ਼ੋਸਟਰ ਵੈਕਸੀਨ (ਜ਼ੋਸਟਾਵੈਕਸ – Zostavax®)**
  - **ਖਸਰਾ (ਮੀਜ਼ਲਜ਼), ਮੰਪਜ਼, ਛੋਟੀ ਚੇਚਕ (ਰੂਬੈਲਾ), ਵੈਰੀਸੈਲਾ ਵੈਕਸੀਨ (Priorix®-Tetra – ਪ੍ਰਾਈਓਰਿਕਸ–ਟੈਟਰਾ, ProQuad® – ਪ੍ਰੋਕੁਆਡ)**

## ਮਾੜੇ ਪ੍ਰਭਾਵ (Side Effects)

- ਤੁਹਾਨੂੰ ਦਸਤ ਲੱਗ ਸਕਦੇ ਹਨ, ਜੀਅ ਕੱਚਾ ਹੋ ਸਕਦਾ ਹੈ, ਢਿੱਡ ਵਿੱਚ ਪੀੜ ਹੋ ਸਕਦੀ ਹੈ, ਉਲਟੀਆਂ ਆ ਸਕਦੀਆਂ ਹਨ, ਸਿਰ ਦਰਦ ਹੋ ਸਕਦਾ ਹੈ, ਚੱਕਰ ਆ ਸਕਦੇ ਹਨ ਜਾਂ ਬੇਹੋਸ਼ੀ ਵਰਗਾ ਅਹਿਸਾਸ ਹੋ ਸਕਦਾ ਹੈ।

## ਦਵਾਈ ਲੈਣ ਲਈ ਹਿਦਾਇਤਾਂ (Instructions for Taking)

- ਏਸਾਇਕਲੋਵੀਅਰ ਜਾਂ ਵੈਲਾਸਾਇਕਲੋਵੀਅਰ ਨੂੰ ਭੋਜਨ ਨਾਲ ਜਾਂ ਭੋਜਨ ਤੋਂ ਬਿਨਾਂ ਵੀ ਲਿਆ ਜਾ ਸਕਦਾ ਹੈ।
- ਭੋਜਨ ਨਾਲ ਲੈਣ ਨਾਲ ਪੇਟ ਖ਼ਰਾਬ ਹੋਣ ਦੇ ਆਸਾਰ ਘੱਟ ਹੋ ਸਕਦੇ ਹਨ।
- ਪਾਣੀ ਦੇ ਭਰੇ ਹੋਏ ਗਲਾਸ ਨਾਲ ਲਓ।
- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਖੁੰਝਾ ਦਿਓ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲਓ। ਪਰ, ਜੇ ਤੁਹਾਡੀ



Provincial Health Services Authority
Province-wide solutions. Better health.

A research and teaching centre affiliated with UBC

# ਏਸਾਇਕਲੋਵੀਅਰ ਅਤੇ ਵੈਲਾਸਾਇਕਲੋਵੀਅਰ (ਜਾਰੀ)
# Acyclovir and Valacyclovir (cont'd)

ਦਵਾਈ ਦੀ ਅਗਲੀ ਖ਼ੁਰਾਕ ਦਾ ਸਮਾਂ ਨੇੜੇ ਹੈ ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਅਤੇ ਤੈਅ ਸਮਿਆਂ ਮੁਤਾਬਕ ਦਵਾਈ ਲੈਣੀ ਜਾਰੀ ਰੱਖੋ। ਦੁੱਗਣੀ ਖ਼ੁਰਾਕ ਨਾ ਲਓ।

## ਸਾਂਭ-ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 15 ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## ਇਨ੍ਹਾਂ ਵਸੀਲਿਆਂ ਦੀ ਸਲਾਹ ਦਿੱਤੀ ਜਾਂਦੀ ਹੈ (Recommended Resources)

- Herpes: Patient Handout (ਹਰਪੀਜ਼: ਮਰੀਜ਼ ਵਾਸਤੇ ਪਰਚਾ); 4 ਪੰਨੇ, ਮੁਢਲੀ ਜਾਣਕਾਰੀ
- Herpes: A Patient Guide (ਹਰਪੀਜ਼: ਮਰੀਜ਼ ਵਾਸਤੇ ਗਾਈਡ); 25 ਪੰਨੇ, ਜ਼ਿਆਦਾ ਵੇਰਵਾ ਦੇਣ ਵਾਲੀ ਜਾਣਕਾਰੀ

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।



Provincial Health Services Authority
Province-wide solutions. Better health.
ACCREDITED • AGRÉÉ • CCHSA • CCASS
*A research and teaching centre affiliated with UBC*